Weekly

# CANADA SIKH TIMES

2 - 8 February 2025 ਕੈਨੇਡਾ ਸਿੱਖ ਟਾਈਮਜ਼ Volume 3 Issue 5

• RELIGION • CULTURE • HERITAGE • BUSINESS

## Baltej Singh Dhillon become RCMP officer, appointed senator in Canada



The first turbaned Sikh to serve as an officer in the Royal Canadian Mounted Police (RCMP) has been appointed a Senator. The release in that regard noted he was a retired career police officer, a community leader, and a lifelong advocate for diversity and inclusion. In 1991, he "made history" as the first RCMP officer to wear a turban. He went on to have a successful 30-year career with the RCMP, playing a key role in several high-profile investigations. Since 2019, he has worked with British Columbia's anti-gang agency, while remaining active in his community as a youth leader. In a statement Dhillon said, "I am profoundly honoured to share that I have been appointed as a Senator. This remarkable privilege fills me with immense gratitude, and I am deeply thankful for the opportunity to serve our nation in such a prestigious role."

## ਪੰਜਾਬ ਦੀ ਸਿਫ਼ਤ ਕੌਰ ਨੇ 50 ਮੀਟਰ ਸ਼ੂਟਿੰਗ ਈਵੈਂਟ ਵਿੱਚ ਜਿੱਤਿਆ ਸੋਨ ਤਗਮਾ



ਇਨ੍ਹਾਂ ਦਿਨਾਂ ਵਿੱਚ ਉੱਤਰਾਖੰਡ ਵਿੱਚ ਰਾਸ਼ਟਰੀ ਖੇਡਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਸੋਮਵਾਰ ਨੂੰ ਮਹਾਰਾਣਾ ਪ੍ਰਤਾਪ ਸਪੋਰਟਸ ਕਾਲਜ ਦੇ ਤ੍ਰਿਸ਼ੂਲ ਹਾਲ ਵਿੱਚ ਹੋਈਆਂ 38ਵੀਆਂ ਰਾਸ਼ਟਰੀ ਖੇਡਾਂ ਵਿੱਚ, ਪੰਜਾਬ ਦੀ ਸਿਫਟ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਔਰਤਾਂ ਦੇ 50 ਮੀਟਰ 3 ਪੋਜੀਸ਼ਨ ਸ਼ੂਟਿੰਗ ਈਵੈਂਟ ਵਿੱਚ 461.2 ਦੇ ਸਕੋਰ ਨਾਲ ਸੋਨ ਤਗਮਾ ਜਿੱਤਿਆ, ਜਦੋਂ ਕਿ ਪੰਜਾਬ ਦੀ ਅੰਜੁਮ ਮੌਦਗਿਲ ਨੇ 458.7 ਦੇ ਸਕੋਰ ਚਾਂਦੀ ਦਾ ਤਗਮਾ ਅਤੇ ਤੇਲੰਗਾਨਾ ਦੀ ਸੁਰਭੀ ਭਾਰਦਵਾਜ ਨੇ 448.8 ਦੇ ਸਕੋਰ ਨਾਲ ਕਾਂਸੀ ਦਾ ਤਗਮਾ ਪ੍ਰਾਪਤ ਕੀਤਾ। ਪੁਰਸ਼ਾਂ ਦੇ 10 ਮੀਟਰ ਪਿਸਟਲ ਮੁਕਾਬਲੇ ਵਿੱਚ, ਕਰਨਾਟਕ ਦੇ ਜੋਨਾਥਨ ਐਂਥਨੀ ਨੇ ਸੋਨ ਤਗਮਾ ਜਿੱਤਿਆ, ਜਦੋਂ ਕਿ ਦੋ ਫੌਜ ਨਿਸ਼ਾਨੇਬਾਜ਼ਾਂ, ਰਵਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਨੇ ਚਾਂਦੀ ਅਤੇ ਕਾਂਸੀ ਦੇ ਤਗਮੇ ਜਿੱਤੇ। 38ਵੀਆਂ ਰਾਸ਼ਟਰੀ ਖੇਡਾਂ ਵਿੱਚ, ਦੇਸ਼ ਦੇ ਸਰਵੋਤਮ ਐਥਲੀਟ ਲਗਾਤਾਰ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰ ਰਹੇ ਹਨ ਅਤੇ ਵੱਖ-ਵੱਖ ਈਵੈਂਟਾਂ ਵਿੱਚ ਦਿਲਚਸਪ ਮੈਚ ਦੇਖਣ ਨੂੰ ਮਿਲ ਰਹੇ ਹਨ।

## ਯੂਨੀਵਰਸਿਟੀ ਆਫ ਦੀ ਪੰਜਾਬ, ਲਾਹੌਰ, ਪਾਕਿਸਤਾਨ ਵਿਚ ਗੁਰੂ ਗ੍ਰੰਥ ਸਾਹਿਬ ਪੜ੍ਹਾਇਆ ਜਾਏਗਾ



ਸਿੱਖ ਕੌਮ ਲਈ ਖੁਸ਼ੀ ਅਤੇ ਮਾਣ ਵਾਲੀ ਖਬਰ ਹੈ ਕਿ ਪਾਕਿਸਤਾਨ ਦੇ ਸਭ ਤੋਂ ਵਡੇ ਵਿਦਿਅਕ ਅਦਾਰੇ ਯੂਨੀਵਰਸਿਟੀ ਆਫ਼ ਦੀ ਪੰਜਾਬ, ਲਾਹੌਰ ਵਿੱਚ ਹੁਣ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਲੇਬਸ ਵਿੱਚ ਪੜ੍ਹਾਇਆ ਜਾਏਗਾ।

ਸ. ਪ੍ਰਸ਼ਾਂਤ ਸਿੰਘ ਜੀ ਦੇ ਹਵਾਲੇ ਨਾਲ ਲਿਖ ਰਹੇ ਹਾਂ ਜਿਹੜੇ ਇਸ ਯੂਨੀਵਰਸਿਟੀ ਵਿੱਚ ਅਸਿਸਟੈਂਟ ਰਜਿਸਟਰਾਰ ਵਜੋਂ ਸੇਵਾ ਨਿਭਾ ਰਹੇ ਹਨ। ਉਹ ਨਾ ਕੇਵਲ, 1947 ਦੀ ਵੰਡ ਪਿੱਛੋ ਸਭ ਤੋਂ ਵਡੇ ਅਦਾਰੇ ਦੇ ਪਹਿਲੇ ਸਿੱਖ ਆਫ਼ੀਸਰ ਹੀ ਹਨ, ਇਸ ਦੇ ਨਾਲ ਨਾਲ ਉਹ ਪਾਕਿਸਤਾਨ ਵਿਚ ਧਾਰਮਿਕ ਵਿਦਿਅਕ ਸਲੇਬਸ ਨਿਰਧਾਰਨ ਕਮੇਟੀ ਦੇ ਮੈਂਬਰ ਵੀ ਹਨ। ਉਨ੍ਹਾਂ ਨੇ ਹੀ ਗੁਰੂ ਗੰਥ ਸਾਹਿਬ ਜੀ ਦਾ ਸਲੇਬਸ ਸਿੱਖ ਵਿਦਿਆਰਥੀਆਂ ਲਈ ਤਿਆਰ ਕੀਤਾ ਹੈ। ਪਾਕਿਸਤਾਨੀ ਪੰਜਾਬ ਦੇ ਵਿਦਿਅਕ ਅਦਾਰਿਆਂ ਵਿਚ ਬੀ.ਐਸ. (+2 ਤੇ ਬਾਅਦ 4 ਸਾਲ ਦੀ ਡਿਗਰੀ) ਦੇ ਮੁਸਲਿਮ ਵਿਦਿਆਰਥੀਆਂ ਲਈ ਜਿੱਥੇ ਕੁਰਾਨ ਦੀ ਪੜ੍ਹਾਈ ਜਰੂਰੀ ਹੈ, ਉੱਥੇ ਗੈਰ-ਮੁਸਲਿਮ ਵਿਦਿਆਰਥੀਆਂ ਲਈ ਨੈਤਿਕਤਾ ਦੇ ਨਾਂ ਅਧੀਨ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਗੁਰਮਤਿ ਫਿਲਾਸਫੀ ਪੜ੍ਹਾਈ ਜਾਏਗੀ। ਯੂਨੀਵਰਸਿਟੀ ਦੀ ਵਿਦਿਅਕ ਕੌਂਸਲ ਨੇ ਉਹੀ ਸਲੇਬਸ ਨੂੰ ਪ੍ਰਵਾਨ ਕਰ ਲਿਆ ਹੈ ਜੋ ਪ੍ਰਸ਼ਾਂਤ ਸਿੰਘ ਜੀ ਵਲੋਂ ਤਿਆਰ ਕਰਕੇ ਭੇਜਿਆ ਗਿਆ ਸੀ। ਯੂਨਿਵਰਸਿਟੀ ਦੇ ਗੈਰ ਮੁਸਲਿਮ ਵਿਦਿਆਰਥੀਆਂ ਲਈ ਇਹ ਬੜਾ ਵਡਾ ਕਦਮ ਹੈ, ਜਿਸ ਨਾਲ ਇੱਕ ਪਾਸੇ ਪੰਜਾਬੀ ਭਾਸ਼ਾ ਦਾ ਪ੍ਰਸਾਰ ਹੋਏਗਾ, ਉਥੇ ਦੂਜੇ ਪਾਸੇ ਗੁਰੂ ਗ੍ਰੰਥ ਸਾਹਿਬ ਜੀ ਦਾ ਸਰਬ ਸਾਂਝੀਵਾਲਤਾ ਦਾ ਸੰਦੇਸ਼ ਵੀ ਫੈਲੇਗਾ। ਯਾਦ ਕਰਵਾ ਦੇਈਏ ਕਿ ਸਰਦਾਰ ਪ੍ਰਸ਼ਾਂਤ ਸਿੰਘ ਜੀ ਪਾਕਿਸਤਾਨ ਸਰਕਾਰ ਦੀ ਮਨਿਸਟਰੀ ਆਫ ਫੈਡਰਲ ਐਜੂਕੇਸ਼ਨ ਐਂਡ ਪ੍ਰੋਫੈਸ਼ਨਲ ਟਰੇਨਿੰਗ ਦੇ ਰਾਸ਼ਟਰੀ ਪਾਠਕ੍ਰਮ ਵਿਚ ਸਿੱਖ ਸਲੇਬਸ ਲਿਖਣ ਵਾਲੇ ਇੱਕਲੇ ਸਿੱਖ ਲੇਖਕ ਹਨ। ਇਸ ਦੇ ਨਾਲ ਹੀ ਉਹ ਐਥਿਕਸ ਰੀਵੀਊ ਕਮੇਟੀ, ਅਤੇ ਪੰਜਾਬ ਪਾਠਕ੍ਰਮ ਅਤੇ ਟੈਕਸਟ ਬੁੱਕ ਬੋਰਡ ਦੀ ਰੀਵੀਊ ਕਮੇਟੀ ਦੇ ਮੈਂਬਰ ਵੀ ਹਨ। ਸਰਦਾਰ ਪ੍ਰਸ਼ਾਂਤ ਸਿੰਘ ਦੇ ਇਹਨਾਂ ਯਤਨਾਂ ਨਾਲ ਸਿੱਖ ਕੌਮ ਦਾ ਸਿਰ ਮਾਣ ਨਾਲ ਹੋਰ ਉੱਚਾ ਹੋਇਆ ਹੈ।

DESH VIDESH

# Caste & Race - 2



State of the Panth

By Harinder Singh & Jasleen Kaur*

The use of caste-based categories to describe various Sikhs as Dalits, Jats, Khatris, etc, is not an attempt to defend the use of these categories or the system that entrenches these categories in a hierarchy. It is instead an acknowledgment of the ways in which Sikhs are categorized and the ways they seek to self-describe, especially as those from caste-oppressed backgrounds. We do not believe that speaking about categories of caste to describe the injustices that stem from these categories is an endorsement of the caste system or something that makes the lived realities of those who suffer from it worse. Just as in the United States and its ongoing conversation about race and the harm of color-blindness, we believe that caste-blindness is ultimately harmful as it disregards the reality of how caste functions in society. One cannot address discrimination and prejudice based on categories of caste without first acknowledging that these categories are both constructed and real – not in a primordial sense, but in the sense that they mean something and have consequences, especially for those who exist in the lower rungs of this constructed hierarchy.



Vintage globe with Europe in focus
Photo by Krzysztof Hepner

Through primary sources, the Bani section explores the power of the foundational declaration of Sikhi, IkOankar, to transcend the dichotomies and divisions that caste and race embed as hierarchies in society. It also examines how specific castes are invoked in the Guru Granth Sahib — the Sikh scriptural canon, the religious text, the charter, or the manifesto — in ways that empower people to subvert caste statuses by emphasizing behavior, remembrance, and one's relationship with the Divine. Lastly, this section delves into

how caste and its categories are redefined and reframed in Bani to reject casteist divisions, the caste system as a whole, and notions of purity and pollution it relies on. The Tavarikh section traces and analyzes how Guru Nanak (1469-1539) addressed caste through the development, institutionalization, and practical application of 1Ness. It also outlines the relationship between caste, power, and history more generally, intending to highlight and support Sikhs of Dalit backgrounds and their calls to make understanding of history more comprehensive and inclusive while filling in gaps where historical omissions occur. Lastly, this section covers the complexities of anti-caste resistance and discrepancies between precept and practice through time and context over 556 years — covering the Guru Period, the Khalsa Raj, the Sikh Empire, and the Sikhs and the Indian State. The Rahit section outlines how the Sikh codes of conduct institutionally address and reject divisions based on caste and race. It also offers an overview of global lived realities by focusing on India and the top five diasporic Sikh communities worldwide.

A global survey included in the report was presented to more than 683 self-identified Sikhs from 19 countries. This survey aimed to gain insight into how Sikhs worldwide understand caste and race in relation to Sikhi and how they consider casteist and anti-casteist practices concerning discriminatory expressions of power, identity, and pride. The majority of respondents believe that Sikhi is both anti-casteist and anti-racist (87%). Moreover, the majority of respondents (76.9%) said that their current relationship with anti-casteist and anti-racist stances is to be both anti-casteist and anti-racist. The majority of respondents also said that spirituality, religion, family life, or cultural norms most inform their perspective on caste and race at large. At the same time, the media was the least influential in informing perspectives. However, the proportion to which this was the majority varies when broken down by country. The majority of respondents believe that the following scenarios are casteist: caste-specific Gurduaras (Sikh places of learning and worship that both do and do not bar other castes from entering), displaying caste pride in song lyrics, and institutions that do not have diverse caste representation in staff or leadership positions. A larger majority of respondents (92.2%) believe that drawing conclusions about a person based on their caste is casteist. In comparison, a smaller majority of respondents (76.9%) believe that asking people about their caste is casteist. There was no majority consensus regarding one's ideal relationship with caste.

This report makes recommendations based on Gurmat that can be used by individuals and institutions to understand the Sikh stance on caste and race better and to address disparities in precept and practice.

---

* Sikh Research Institute, USA

# HERITAGE

## Guru Nanak Darbar Gurudwara and Dr Bubbles Kandhari honoured with DQA Awards






Guru Nanak Darbar Gurudwara Dubai and Dr. Bubbles Kandhari, have been recognised with two prestigious accolades at the Dubai Quality Group Awards, held under the patronage of Shaikh Ahmed Bin Saeed Al Maktoum, President of Dubai Civil Aviation Authority, Chairman of Dubai Airports, and Chairman and Chief Executive of Emirates Airline & Group.

Guru Nanak Darbar Gurudwara Dubai received the UAE Innovation Award by the Dubai Quality Group, acknowledging the Gurudwara's ongoing efforts in fostering innovation and promoting the spirit of tolerance within the UAE community. The award was presented during a grand ceremony, where Surender Singh Kandhari, Chairman of Guru Nanak Darbar Gurudwara Dubai, expressed his gratitude for this recognition.

Dr Bubbles Kandhari, an influential leader in the community, was also honored with the Emirates Women Award 2024 by Dubai Quality Group for her outstanding contributions to social service. This recognition highlights her dedication to empowering others and promoting humanitarian work, especially within the Sikh community.

Both recipients have long been at the forefront of initiatives that bring people together and foster understanding, with Guru Nanak Darbar Gurudwara Dubai being a hub for interfaith dialogue and humanitarian action across the UAE.

## ਆਓ ਬਣੀਏ ਗੁਰਸਿੱਖ ਪਿਆਰਾ ਦੀ ਟੀਮ ਵੱਲੋਂ ਜਥੇਦਾਰ ਪ੍ਰੋ. ਮਨਜੀਤ ਸਿੰਘ ਜੀ ਦਾ ਸਨਮਾਨ



"ਆਓ ਬਣੀਏ ਗੁਰਸਿੱਖ ਪਿਆਰਾ" ਦੀ ਟੀਮ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਤਿਕਾਰਯੋਗ ਪ੍ਰੋ. ਮਨਜੀਤ ਸਿੰਘ ਜੀ ਨੂੰ ਡਾ. ਹਰਜਿੰਦਰ ਸਿੰਘ ਜੀ ਦੁਆਰਾ ਲਿਖੀ ਪੁਸਤਕ "ਅਗਾਹਾ ਕੂ ਤ੍ਰਾਘਿ" ਭੇਟ ਕਰਕੇ ਸਨਮਾਨ ਭੇਟ ਕੀਤਾ ਗਿਆ।

ਇਹ ਮੌਕਾ ਸਾਡੇ ਲਈ ਬਹੁਤ ਲਾਹੇਵੰਦ ਸੀ, ਜਿਥੇ ਅਸੀਂ ਗੁਰਮਤਿ, ਸਿੱਖ ਇਤਿਹਾਸ ਅਤੇ ਵਿਦਵਾਨੀ ਵਿਚ ਬੇਮਿਸਾਲ ਯੋਗਦਾਨ ਪਾਉਣ ਵਾਲੀ ਸ਼ਖਸੀਅਤ ਨੂੰ ਸਨਮਾਨਤ ਕਰ ਸਕੇ। ਪ੍ਰੋ. ਮਨਜੀਤ ਸਿੰਘ ਜੀ ਨੇ ਸਿੱਖੀ ਪ੍ਰਚਾਰ ਅਤੇ ਸਮਾਜ ਦੀ ਸੇਵਾ ਵਿਚ ਜੇਹੜਾ ਯੋਗਦਾਨ ਪਾਇਆ ਹੈ, ਉਹ ਅਣਮੋਲ ਹੈ। ਉਹਨਾ ਦੀ ਗੱਲਬਾਤ ਅਤੇ ਵਿਚਾਰਧਾਰਾ ਸਾਨੂੰ ਹਮੇਸ਼ਾ ਪ੍ਰੇਰਿਤ ਕਰਦੀ ਰਹੇਗੀ। ਸਾਡੀ ਟੀਮ ਹਮੇਸ਼ਾ ਸਿੱਖੀ ਅਤੇ ਗੁਰਬਾਣੀ ਦੇ ਮਹਾਨ ਸੰਦੇਸ਼ ਨੂੰ ਫੈਲਾਉਣ ਲਈ ਪ੍ਰਤਿਬੱਧ ਰਹੇਗੀ। ਇਹ ਸਨਮਾਨ ਸਾਡੀ ਗੁਰਸਿੱਖੀ ਜਿੰਦਗੀ ਨੂੰ ਹੋਰ ਵਧੀਆ ਬਣਾਉਣ ਦੀ ਇੱਕ ਹੋਰ ਪ੍ਰੇਰਣਾ ਹੈ। ਆਪ ਜੀ ਵੀ ਸਾਨੂੰ ਹਮੇਸ਼ਾ ਆਸ਼ੀਰਵਾਦ ਦੇਂਦੇ ਰਹੋ ਅਤੇ ਸਿੱਖੀ ਦੀ ਰੌਸ਼ਨੀ ਨੂੰ ਹਰ ਘਰ ਤੱਕ ਪਹੁੰਚਾਉਣ ਵਿੱਚ ਸਾਡਾ ਸਾਥ ਦਿਓ!

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰਦਵਾਰਾ ਸਾਹਿਬ ਵਿੱਚ ਫ਼ੁੱਲ ਭੇਟ ਕਰਕੇ ਅਸੀਂ ਗੁਰੂ ਸਾਹਿਬ ਦੇ ਹੁਕਮਾਂ ਦੀ ਕਿਸ ਤਰ੍ਹਾਂ ਉਲੰਘਣਾ ਕਰਦੇ ਹਾਂ?**

a. ਕੁਦਰਤ ਦੇ ਸੁਹਪਣ ਨੂੰ ਘਟਾਉਣਾ
b. ਮੂਰਤੀ ਪੂਜਾ ਦੀ ਝਲਕ
c. ਪੈਸੇ ਦੀ ਬਰਬਾਦੀ
d. ਸਾਰੇ ਕਾਰਨਾਂ ਕਰਕੇ

**2. In the first 13 pages of Guru Granth Sahib, in which verse of *Nitnem*, the word 'Aparampar' appears and what does it mean?**

a. Jap ji, Infinite
b. Sodar Limitless
c. Sopurakh, Infinite
d. Sohila, Limitless

**3. What purpose does concocted stories have served for the Sikh community?**

a. Developed blind faith
b. Divided the community
c. Hijacked the Sikh Doctorine
d. All of these

**4. Which pilgrimage Gurbani advise us to take up during our life?**

a. To some historic places
b. To understand Gurbani
c. To Live a life According to Gurbani
d. Both b & c

(ਦੇਖੋ ਉੱਤਰ ਪੰਨਾ 4 'ਤੇ)

## ਸਟੱਡੀ ਵੀਜ਼ਾ ’ਚ ਕਟੌਤੀ ਕਰਨੀ ਕੈਨੇਡਾ ਨੂੰ ਪਈ ਭਾਰੀ




ਕੈਨੇਡਾ ਨੇ ਪ੍ਰਵਾਸੀਆਂ ਖ਼ਾਸ ਕਰ ਕੇ ਵਿਦਿਆਰਥੀਆਂ ਪ੍ਰਤੀ ਸਖ਼ਤ ਨੀਤੀ ਅਪਣਾਈ ਹੋਈ ਹੈ। ਇਸ ਨੀਤੀ ਤਹਿਤ ਕੈਨੇਡਾ ਨੇ ਸਟੱਡੀ ਵੀਜ਼ਿਆਂ ਵਿੱਚ 40 ਫੀਸਦੀ ਦੀ ਕਟੌਤੀ ਕੀਤੀ ਪਰ ਇਸ ਦਾ ਵਿਆਪਕ ਅਸਰ ਕੈਨੇਡਾ ਵਿੱਚ ਦੇਖਣ ਨੂੰ ਮਿਲ ਰਿਹਾ ਹੈ। ਕੈਨੇਡਾ ਵਿੱਚ ਪੰਜਾਬੀ ਭਾਈਚਾਰੇ ਦੀ ਪਹਿਲੀ ਪਸੰਦ ਬਣੇ ਕਾਲਜਾਂ ਨੇ ਜਾਂ ਤਾਂ ਸਟਾਫ਼ ਦੀ ਛਾਂਟੀ ਕਰਨੀ ਸ਼ੁਰੂ ਕਰ ਦਿੱਤੀ ਹੈ ਜਾਂ ਫਿਰ ਕੋਰਸ ਬੰਦ ਹੋਣੇ ਸ਼ੁਰੂ ਹੋ ਗਏ ਹਨ। ਓਂਟਾਰੀਓ ਦੇ ਟੋਰਾਂਟੋ ਵਿੱਚ ਸਥਿਤ ਸੈਂਟੀਨਿਅਲ ਕਾਲਜ ਨੇ ਘੋਸ਼ਣਾ ਕੀਤੀ ਹੈ ਕਿ ਇਹ 2025 ਅਤੇ ਪਤਝੜ 2026 ਦੇ ਗਰਮੀਆਂ ਅਤੇ ਸਰਦੀਆਂ ਦੇ ਸਮੈਸਟਰਾਂ ਲਈ 49 ਫੁੱਲ-ਟਾਈਮ ਪ੍ਰੋਗਰਾਮਾਂ ਵਿੱਚ ਨਵੇਂ ਦਾਖਲਿਆਂ ਨੂੰ ਰੋਕ ਰਿਹਾ ਹੈ। ਇਸ ਵਿੱਚ ਪੱਤਰਕਾਰੀ, ਵਿੱਤੀ ਯੋਜਨਾਬੰਦੀ, ਤਕਨਾਲੋਜੀ ਫਾਊਂਡੇਸ਼ਨ ਅਤੇ ਭਾਈਚਾਰਕ ਵਿਕਾਸ ਵਰਗੇ ਪ੍ਰੋਗਰਾਮ ਸ਼ਾਮਲ ਹਨ। ਸੈਂਟੀਨਿਅਲ ਕਾਲਜ ਦੇ ਬੁਲਾਰੇ ਨੇ ਕਿਹਾ ਕਿ ਅਸੀਂ ਕਾਲਜ ਦੀ ਲੰਬੇ ਸਮੇਂ ਦੀ ਮਜ਼ਬੂਤੀ ਅਤੇ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਇਹ ਸਾਰੇ ਕਦਮ ਚੁੱਕ ਰਹੇ ਹਾਂ। ਅਸੀਂ ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਚੁੱਕ ਰਹੇ ਹਾਂ, ਪਰ ਇਨ੍ਹਾਂ ਤਬਦੀਲੀਆਂ ਦਾ ਸਾਡੇ ਭਾਈਚਾਰੇ, ਫੈਕਲਟੀ ਅਤੇ ਸਟਾਫ ’ਤੇ ਡੂੰਘਾ ਪ੍ਰਭਾਵ ਪਵੇਗਾ। ਬੁਲਾਰੇ ਨੇ ਸਪੱਸ਼ਟ ਕੀਤਾ ਕਿ 128 ਫੁੱਲ-ਟਾਈਮ ਪ੍ਰੋਗਰਾਮ ਅਜੇ ਵੀ ਨਵੇਂ ਵਿਦਿਆਰਥੀਆਂ ਲਈ ਖੁੱਲ੍ਹੇ ਰਹਿਣਗੇ। ਉਨ੍ਹਾਂ ਇਹ ਵੀ ਕਿਹਾ ਕਿ ਭਵਿੱਖ ਵਿੱਚ ਮੁਲਤਵੀ ਕੀਤੇ ਗਏ ਪ੍ਰੋਗਰਾਮ ਮੁੜ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ। ਗੌਰਤਲਬ ਹੈ ਕਿ ਪਿਛਲੇ ਸਾਲ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਸੀਮਤ ਸੀ, ਜਿਸ ਕਾਰਨ ਓਂਟਾਰੀਓ ਕਾਲਜਾਂ ਵਿੱਚ ਦਾਖਲੇ ਵਿੱਚ 50 ਪ੍ਰਤੀਸ਼ਤ ਦੀ ਗਿਰਾਵਟ ਆਈ। ਇਸ ਦੇ ਨਤੀਜੇ ਵਜੋਂ ਸੂਬੇ ਦੇ ਕੈਂਪਸਾਂ ’ਤੇ ਖਰਚੇ ਵਿੱਚ 752 ਮਿਲੀਅਨ ਡਾਲਰ ਦੀ ਕਮੀ ਆਈ।

## ਸੁਪਰ ਵੀਜ਼ਾ ’ਤੇ ਕੈਨੇਡਾ ਜਾਣ ਵਾਲਿਆਂ ਲਈ ਨਵਾਂ ਨਿਯਮ ਲਾਗੂ

ਕੈਨੇਡਾ ਵਿਚ ਉਨ੍ਹਾਂ ਲੋਕਾਂ ਲਈ ਨਿਯਮ ਦਿਨੋਂ-ਦਿਨ ਸਖ਼ਤ ਹੁੰਦੇ ਜਾ ਰਹੇ ਹਨ ਜੋ ਪਰਵਾਸ ਕਰਨ ਜਾਂ ਉੱਥੇ ਆਉਣ ਦੀ ਤਿਆਰੀ ਕਰ ਰਹੇ ਹਨ। ਨਵੀਂ ਸੂਚਨਾ ਅਨੁਸਾਰ ਸੁਪਰ ਵੀਜ਼ਾ ਲੈ ਕੇ ਕੈਨੇਡਾ ਆਉਣ ਦੇ ਚਾਹਵਾਨ ਮਾਪਿਆਂ ਜਾਂ ਰਿਸ਼ਤੇਦਾਰਾਂ ਕੋਲ ਸਿਹਤ ਬੀਮਾ ਪਾਲਿਸੀ ਦਾ ਹੋਣਾ ਲਾਜ਼ਮੀ ਕਰ ਦਿੱਤਾ ਹੈ। ਪਹਿਲਾਂ ਸਿਹਤ ਬੀਮੇ ਦਾ ਸਬੂਤ ਸਿਰਫ਼ ਕੈਨੇਡੀਅਨ ਸਿਹਤ ਬੀਮਾ ਪ੍ਰਦਾਤਾਵਾਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਸੀ। ਹੁਣ ਇਮੀਗ੍ਰੇਸ਼ਨ ਰਫਿਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ ਨੇ ਸੁਪਰ ਵੀਜ਼ਾ ਬਿਨੈਕਾਰਾਂ ਨੂੰ ਕੈਨੇਡਾ ਤੋਂ ਬਾਹਰ ਦੀਆਂ ਕੰਪਨੀਆਂ ਤੋਂ ਪ੍ਰਾਈਵੇਟ ਸਿਹਤ ਬੀਮਾ ਪਾਲਿਸੀਆਂ ਖਰੀਦਣ ਦੇ ਹੁਕਮ ਦਿੱਤੇ ਹਨ।




## SIKH MATRIMONIALS

Gursikh Boy 31/5'11"/ MBA India & 2 years study in Canada/PR holder/ Working in Canada with handsome package/ Father, Mother retired. Contact +91 8810466608

Gursikh girl 26/5'/ Philosophy (H) DU, Diploma George Brown College, Toronto/ Working /Family got PR in 2022 settled Vancouver/ Contact+91 9810196404

Gursikh Girl 29/5'5" in Govt job at Ottawa. Parents in Canada from 34 years, no cast bar, Boy should be Turbaned ND/NT. Contact +1613 330 6319.

ਪੰਨਾ 3 ’ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. C 3. D 4. D

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)


email: canadasikhtimes@gmail.com, M: +1 437 673 7555